# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਮੁਹੱਲਾ ਸ਼ਿਵਾਲਿਕ ਇੰਨਕਲੇਵ ਭਰਵਾਈਂ ਰੋਡ ਦੇ ਨਿਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਸਬੰਧੀ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ 6 ਜੁਲਾਈ ਸ਼ਿਵਾਲਿਕ ਇੰਨਕਲੇਵ ਦੀਆਂ ਸਮਸਿਆਵਾਂ ਸਬੰਧੀ ਮੁਹੱਲਾ ਡਵੈਲਪਮੈਂਟ ਕਮੇਟੀ ਦੇ ਪ੍ਰਧਾਨ ਖੁਸ਼ੀ ਰਾਮ ਦੀ ਅਗਵਾਈ ਵਿੱਚ ਮੁਹੱਲਾ ਵਾਸੀਆਂ ਨੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਉਹਨਾਂ ਦੇ ਦਫਤਰ ਵਿਖੇ ਮਿਲ ਕੇ ਮੰਗ ਪੱਤਰ ਦਿਦਿੰਆਂ ਦਸਿੱਆ ਕਿ ਉਹਨ੍ਹਾਂ ਦੇ ਮੁਹੱਲੇ ਵਿੱਚ ਸੀਵਰੇਜ਼ ਨਾ ਹੋਣ ਕਾਰਨ ਪਾਣੀ ਦੀ ਨਿਕਾਸੀ ਠੀਕ ਢੰਗ ਨਾਲ ਨਹੀ ਹੋ ਰਹੀ। ਮੁਹੱਲੇ ਦੀਆਂ ਸੜਕਾਂ ਅਤੇ ਬਿਜਲੀ ਦੀ ਸਪਲਾਈ ਵੀ ਠੀਕ ਨਾ ਹੋਣ ਕਾਰਨ ਮੁਹੱਲਾ ਵਾਸੀਆਂ ਨੂੰ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ। ਮੇਅਰ ਸ਼ਿਵ ਸੂਦ ਨੇ ਉਹਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਵਾਉਣ ਦਾ ਭਰੋਸਾ ਦਿਵਾਉਦੇ ਹੋਏ ਦਸਿੱਆ ਕਿ ਚੋਅ ਪਾਰ ਦੇ ਸੀਵਰੇਜ਼ ਨੂੰ ਮੇਨ ਸੀਵਰੇਜ਼ ਨਾਲ ਜ਼ੋੜਨ ਲਈ 2.50 ਕਰੋੜ ਰੁਪਏ ਦੀ ਲਾਗਤ ਨਾਲ ਕੰਮ ਪ੍ਰਗਤੀ ਅਧੀਨ ਹੈ। ਇਸ ਦੇ ਮੁਕੰਮਲ ਹੋਣ ਨਾਲ ਚੋਅ ਪਾਰ ਦੇ ਸਾਰੇ ਸੀਵਰੇਜ਼ ਨੂੰ ਚਾਲੂ ਕਰ ਦਿੱਤਾ ਜਾਵੇਗਾ ਅਤੇ ਜਿਹਨ੍ਹਾਂ ਮੁਹਲਿਆਂ ਵਿੱਚ ਸੀਵਰੇਜ਼ ਨਹੀ ਪਾਇਆ ਗਿਆ ਉਹਨ੍ਹਾਂ ਵਿੱਚ ਵੀ ਸੀਵਰੇਜ਼ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਸੀਵਰੇਜ਼ ਪਾਉਣ ਉਪਰੰਤ ਗਲੀਆਂ ਨੂੰ ਵੀ ਪੱਕਾ ਬਣਵਾਇਆ ਜਾਵੇਗਾ।

ਮੁਹੱਲਾ ਡਵੈਲਪਮੈਂਟ ਕਮੇਟੀ ਸ਼ਿਵਾਲਿਕ ਇੰਨਕਲੇਵ ਵਾਰਡ ਨੰਬਰ ਇਕ ਦੇ ਜਰਨਲ ਸਕੱਤਰ ਲਵਲੀ ਪਹਿਲਵਾਨ, ਖਜਾਨਚੀ ਡਾ: ਵਿਨੋਦ ਕੁਮਾਰ ਸਹਿਗਲ, ਭਗਵੰਤ ਕਿਸ਼ੋਰ, ਬਲਜੀਤ ਠਾਕੁਰ, ਕਮਲਜੀਤ, ਰਾਜ ਕੁਮਾਰ, ਵਿਜੇ ਕੁਮਾਰ, ਦੀਪਕ ਪੁਰੀ, ਨਰੇਸ਼ ਸੇਠੀ, ਸੰਜੀਵ ਕੁਮਾਰ ਅਤੇ ਮਹਿੰਦਰ ਕੁਮਾਰ ਵੀ ਇਸ ਮੋਕੇ ਤੇ ਹਾਜਰ ਸਨ।